BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਮੁੱਖ ਉਪਲਬਧੀਆਂ ਦਰਸਾਉਂਦੇ ਹੋਏ, 2021 ਦੀਆਂ ਝਲਕੀਆਂ ਰਿਲੀਜ ਕੀਤੀਆਂ

ਬ੍ਰੈਂਪਟਨ, ਓਨਟੈਰੀਓ (9 ਫਰਵਰੀ, 2022) – ਅੱਜ, ਸਿਟੀ ਆਫ ਬ੍ਰੈਂਪਟਨ ਨੇ, ਪਿਛਲੇ ਸਾਲ ਦੀਆਂ ਮੁੱਖ ਉਪਲਬਧੀਆਂ ਨੂੰ ਉਜਾਗਰ ਕਰਦੇ ਹੋਏ, 2021 ਵਿੱਚ 2018-2022 ਦੀਆਂ ਟਰਮ ਆਫ ਕਾਉਂਸਿਲ ਪ੍ਰਾਇਰਟੀਜ (Term of Council priorities) ਦੇ ਅੱਗੇ ਵਧਣ ਬਾਰੇ ਤਾਜ਼ਾ ਜਾਣਕਾਰੀ ਰਿਲੀਜ ਕੀਤੀ।

ਲਗਾਤਾਰ, ਕੋਵਿਡ-19 (COVID-19) ਮਹਾਂਮਾਰੀ ਦੇ ਅਸਰਾਂ ਤੋਂ ਬਾਹਰ ਨਿੱਕਲਣ ਲਈ, ਸਿਟੀ ਦੇ ਸਾਮ੍ਹਣੇ ਆਈਆਂ ਚੁਣੌਤੀਆਂ ਦੇ ਬਾਵਜੂਦ, ਸਿਟੀ ਨੇ ਅਜਿਹੀਆਂ ਕੁਸ਼ਲ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਜੋ ਨਿਵਾਸੀਆਂ ਲਈ ਸਭ ਤੋਂ ਵੱਧ ਮਾਇਨੇ ਰੱਖਦੀਆਂ ਹਨ। ਨਾਲ ਹੀ, ਸਿਟੀ ਨੇ ਇਸ ਟਰਮ ਆਫ ਕਾਉਂਸਿਲ ਦੀਆਂ ਪ੍ਰਾਇਰਟੀਜ ਨੂੰ ਅੱਗੇ ਵਧਾਉਣ ਵਿੱਚ ਖਾਸ ਤਰੱਕੀ ਕੀਤੀ ਹੈ।

**ਕੋਵਿਡ-19 ਦੇ ਦੌਰਾਨ ਕਮਿਉਨਿਟੀ ਸਹਾਇਤਾ**

ਸਿਟੀ ਦੀ ਟਾਸਕ ਫੋਰਸਿਜ (Task Forces) ਅਤੇ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ (Reopening and Recovery Working Group) ਨੇ, ਇਹ ਯਕੀਨੀ ਬਣਾਉਣ ਲਈ ਆਪਣਾ ਕੰਮ ਜਾਰੀ ਰੱਖਿਆ ਕਿ ਕਮਿਉਨਿਟੀ ਵਿੱਚ ਕੋਵਿਡ-19 ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ, ਸਹਾਇਤਾ ਅਤੇ ਵਸੀਲੇ ਪ੍ਰਦਾਨ ਕੀਤੇ ਜਾ ਰਹੇ ਹਨ। ਨਾਲ ਹੀ, ਇਸਨੇ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ, ਹਿਮਾਇਤ ਦੇ ਦੁਆਰਾ, 120 ਮਿਲੀਅਨ ਡਾਲਰ ਤੋਂ ਵੱਧ ਦੀ ਕੋਵਿਡ-ਸਬੰਧੀ ਫੰਡਿੰਗ ਸੁਰੱਖਿਅਤ ਕੀਤੀ।

ਕਈ ਝਲਕੀਆਂ ਦੇ ਨਾਲ, ਇਸ ਵਿੱਚ ਸ਼ਾਮਲ ਹੈ:

- ਸੋਸ਼ਲ ਸਪੋਰਟ ਟਾਸਕ ਫੋਰਸ (Social Support Task Force) ਨੇ, ਕਮਿਉਨਿਟੀ ਸੰਗਠਨਾਂ ਵਿੱਚ ਸੈਨੀਟਾਈਜ਼ਰ ਦੇ 350 ਤੋਂ ਵੱਧ ਬੌਕਸ ਅਤੇ ਐਂਟੀਬੈਕਟੀਰੀਅਲ ਵਾਈਪਸ ਦੇ 200 ਬੌਕਸ ਦੇ ਯੋਗਦਾਨ ਵਿੱਚ ਸਹਿਯੋਗ ਦਿੱਤਾ; ਨਾਲ ਹੀ, ਇਸਨੇ ਪੀਲ ਹੰਗਰ ਰਿਲੀਫ ਨੈੱਟਵਰਕ (Peel Hunger Relief Network) ਦੇ ਵਿਸਤਾਰ ਵਿੱਚ ਪੀਲ (Peel) ਵਿੱਚ ਮੁੱਖ ਭੋਜਨ ਡਿਸਟ੍ਰੀਬਿਊਟਰਾਂ ਦੇ ਨਾਲ ਭਾਈਵਾਲੀ ਕੀਤੀ।
- ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation) ਦੇ ਨਾਲ ਭਾਈਵਾਲੀ ਵਿੱਚ, ਸੀਨੀਅਰਸ ਸਪੋਰਟ ਟਾਸਕ ਫੋਰਸ (Seniors Support Task Force) ਨੇ, ਸੀਨੀਅਰਸ ਡਿਜੀਟਲ ਕੈਫੇ (Seniors' Digital Café) ਦੇ ਦੁਆਰਾ 51 ਮੀਟਿੰਗਾਂ ਦਾ ਪ੍ਰਚਾਰ ਕੀਤਾ; ਅਤੇ ਰੀਜਨ ਆਫ ਪੀਲ (Region of Peel) ਦੇ ਕਮਿਉਨਿਟੀ ਰਿਸਪਾਂਸ ਟੇਬਲ ਸੀਨੀਅਰਸ ਸਬ-ਗਰੁੱਪ (Community Response Table Seniors Sub-group) ਅਤੇ ਮਾਸ ਵੈਕਸੀਨੇਸ਼ਨ ਕਮੇਟੀ (Mass Vaccination Committee) ਦੇ ਨਾਲ ਮਿਲਕੇ ਕੰਮ ਕੀਤਾ।
- ਯੂਥ ਸਪੋਰਟ ਟਾਸਕ ਫੋਰਸ (Youth Support Task Force) ਨੇ, ਮੁਫ਼ਤ ਇੰਟਰਐਕਟਿਵ ਅਤੇ ਸ਼ਮੂਲੀਅਤ ਵਾਲੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਅਤੇ ਗੇਮਸ ਦੇ ਨਾਲ-ਨਾਲ, ਫਿਟਨੈਸ ਪ੍ਰੋਗਰਾਮਾਂ ਅਤੇ ਕਾਰਜਕਰਮਾਂ ਦਾ ਆਯੋਜਨ ਕੀਤਾ, ਤਾਂ ਜੋ ਨੌਜਵਾਨਾਂ ਨੂੰ ਕਿਰਿਆਸ਼ੀਲ ਰਹਿਣ ਅਤੇ ਮਨੋਰੰਜਨ ਲਈ ਉਤਸ਼ਾਹਿਤ ਕੀਤਾ ਜਾ ਸਕੇ; ਅਤੇ ਨੌਜਵਾਨਾਂ ਦੀ ਸੇਵਾ ਵਿੱਚ ਕੰਮ ਕਰਨ ਵਾਲੇ 40 ਤੋਂ ਵੱਧ ਸੰਗਠਨਾਂ ਦੇ ਆਪਣੇ ਨੈੱਟਵਰਕ ਦੇ ਦੁਆਰਾ, ਸੇਵਾਵਾਂ ਨੂੰ ਅਸਾਨ ਬਣਾਇਆ ਅਤੇ ਉਹਨਾਂ ਵਿੱਚ ਵਾਧਾ ਕੀਤਾ।
- ਇਕੋਨੋਮਿਕ ਸਪੋਰਟ ਟਾਸਕ ਫੋਰਸ (Economic Support Task Force) ਨੇ, ਛੋਟੇ ਕਾਰੋਬਾਰ ਦੀਆਂ ਤਿੰਨ ਰਾਊਂਡਟੇਬਲ ਮੀਟਿੰਗਾਂ ਦਾ ਆਯੋਜਨ ਕੀਤਾ, ਜਿਸ ਵਿੱਚ ਲਗਭਗ 60 ਛੋਟੇ ਕਾਰੋਬਾਰੀਆਂ ਨੇ ਹਿੱਸਾ ਲਿਆ; ਅਤੇ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਦੇ ਦੁਆਰਾ, 850 ਛੋਟੇ ਕਾਰੋਬਾਰਾਂ ਨੂੰ 78,800 ਰੈਪਿਡ ਐਂਟੀਜੇਨ ਟੈਸਟ (Rapid Antigen Tests) ਪ੍ਰਦਾਨ ਕੀਤੇ ਗਏ।

- ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ ਨੇ, ਦੋ ਸਟੇਕਹੋਲਡਰ ਮੀਟਿੰਗਾਂ ਆਯੋਜਿਤ ਕੀਤੀਆਂ, ਜਿਹਨਾਂ ਵਿੱਚ ਸਿਟੀ ਦੀਆਂ ਫੈਸਿਲਿਟੀਜ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖੋਲ੍ਹਣ ਅਤੇ ਪ੍ਰੋਗਰਾਮਾਂ ਨੂੰ ਦੁਬਾਰਾ ਸ਼ੁਰੂ ਕਰਨ ਬਾਰੇ ਵਿਚਾਰ ਵਟਾਂਦਰਾ ਕਰਨ ਲਈ, 55 ਤੋਂ ਵੱਧ ਕਮਿਉਨਿਟੀ ਸਮੂਹਾਂ ਨੂੰ ਸ਼ਾਮਲ ਕੀਤਾ ਗਿਆ; ਅਤੇ ਵਰਕਿੰਗ ਗਰੁੱਪ ਦੇ ਚੇਅਰ ਨੇ ਬਾਇ-ਲਾਅ ਐਂਡ ਐਨਫੋਰਸਮੈਂਟ (By-law & Enforcement) ਅਤੇ ਪੀਲ ਰੀਜਨ ਦੇ ਮੈਡੀਕਲ ਹੈਲਥ ਅਫਸਰ ਦੇ ਨਾਲ, ਸੋਸ਼ਲ ਮੀਡੀਆ ਤੇ ਕਈ ਪਬਲਿਕ ਐਨਗੇਜਮੈਂਟਸ ਦਾ ਆਯੋਜਨ ਕੀਤਾ।

**ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ (Brampton is a City of Opportunities)**

ਸਿਟੀ ਨੇ ਰਹਿਣ ਦੀ ਯੋਗਤਾ ਅਤੇ ਖੁਸ਼ਹਾਲੀ ਵਿੱਚ ਸੁਧਾਰ ਕਰਨਾ ਜਾਰੀ ਰੱਖਿਆ ਹੈ:

- ਕਾਉਂਸਿਲ ਵੱਲੋਂ ਪ੍ਰਵਾਨ ਕੀਤੀ ਅਫੋਰਡੇਬਲ ਹਾਊਸਿੰਗ ਸਟ੍ਰੈਟਜੀ (Affordable Housing Strategy) ਵਾਸਤੇ, 8.4 ਮਿਲੀਅਨ ਡਾਲਰ ਵਿਤਰਿਤ ਕੀਤੇ
- ਨਵੇਂ ਇੰਟੀਗ੍ਰੇਟਿਡ ਡਾਉਨਟਾਉਨ ਪਲਾਨ (Integrated Downtown Plan) ਦੇ ਹਿੱਸੇ ਵਜੋਂ, ਸਟ੍ਰੀਟਸਕੇਪਿੰਗ ਕੰਮ ਵਿੱਚ 16.6 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ
- ਵੈਲਕਮਿੰਗ ਸਟ੍ਰੀਟਸ (Welcoming Streets) ਪਾਇਲਟ ਪ੍ਰੋਗਰਾਮ ਲਈ, ਰੀਜਨ ਆਫ ਪੀਲ ਤੋਂ 250,000 ਡਾਲਰ ਪ੍ਰਾਪਤ ਕੀਤੇ, ਇਸ ਪ੍ਰੋਗਰਾਮ ਦਾ ਉਦੇਸ਼, ਕਮਿਉਨਿਟੀ ਸੁਰੱਖਿਆ ਵਿੱਚ ਸੁਧਾਰ ਕਰਕੇ, ਡਾਉਨਟਾਉਨ ਦੀਆਂ ਕਮਿਉਨਿਟੀਜ ਦੀ ਸਹਾਇਤਾ ਕਰਨਾ ਹੈ
- 14 ਸ਼ੁਰੂਆਤੀ ਉੱਦਮਾਂ ਨੂੰ ਸਵੀਕਾਰ ਕਰਨ ਦੇ ਨਾਲ, ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ (Innovation District) ਵਿੱਚ ਅੰਤਰਰਾਸ਼ਟਰੀ ਉੱਦਮੀਆਂ ਵਾਸਤੇ, BHive ਬ੍ਰੈਂਪਟਨ (BHive Brampton) ਦੀ ਸ਼ੁਰੂਆਤ ਕੀਤੀ

**ਬ੍ਰੈਂਪਟਨ ਇੱਕ ਮੋਜ਼ੈਕ ਹੈ (Brampton is a Mosaic)**

ਸਿਟੀ, ਬ੍ਰੈਂਪਟਨ ਦੀ ਵੰਨ-ਸੁਵੰਨਤਾ ਦਾ ਜਸ਼ਨ ਮਨਾ ਰਹੀ ਹੈ ਅਤੇ ਪੂਰੇ ਸ਼ਹਿਰ ਵਿੱਚ ਵੰਨ-ਸੁਵੰਨਤਾ ਨੂੰ ਸ਼ਾਮਲ ਕਰਨ ਲਈ, ਸੰਪੂਰਣ ਫ੍ਰੇਮਵਰਕ ਵਿਕਸਿਤ ਕਰ ਰਹੀ ਹੈ:

- ਐਡਵਾਂਸ ਬ੍ਰੈਂਪਟਨ ਫੰਡ (Advance Brampton Fund) ਦੇ ਦੁਆਰਾ 70 ਸੰਗਠਨਾਂ ਨੂੰ ਫੰਡਿੰਗ ਦਿੱਤੀ ਗਈ, ਜਿਸ ਵਿੱਚ 675,238 ਡਾਲਰ ਦੀ ਵੰਡ ਕੀਤੀ ਗਈ
- ਵੰਨ-ਸੁਵੰਨੀ ਕਮਿਉਨਿਟੀ ਲਈ ਹੋਣ ਵਾਲੇ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਦੇ ਕੈਰੀਅਰ ਜਾਣਕਾਰੀ ਸੈਸ਼ਨਾਂ ਵਿੱਚ 500 ਤੋਂ ਵੱਧ ਵਿਅਕਤੀ ਸ਼ਾਮਲ ਹੋਏ
- 6 ਕਮਿਉਨਿਟੀ ਸੰਗਠਨ ਕਾਰਜਕਰਮਾਂ ਲਈ, ਮਾਰਕੀ ਫੈਸਿਟੀਵਲ ਐਂਡ ਇਵੈਂਟਸ ਫੰਡ (Marquee Festival and Events Fund) ਦੇ ਦੁਆਰਾ, 290,775 ਡਾਲਰ ਦੀ ਰਕਮ ਪ੍ਰਦਾਨ ਕੀਤੀ ਗਈ
- ਬ੍ਰੈਂਪਟਨ ਦੀ ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ (ਏ.ਸੀ.ਸੀ.ਆਈ.ਡੀ.ਏ.) (Arts, Culture & Creative Industry Development Agency) (ACCIDA) ਨੇ, ਵੰਨ-ਸੁਵੰਨੇ ਅਤੇ ਮਾਰਜਨਲਾਈਜ਼ਡ ਸਮੂਹਾਂ ਵਾਸਤੇ, ਸਹਿਯੋਗ, ਕਾਰਜਕਰਮ ਅਤੇ ਮੌਕਿਆਂ ਨੂੰ ਤਰਜੀਹ ਦਿੱਤੀ

**ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ (Brampton is a Green City)**

ਸਿਟੀ, ਸਥਿਰਤਾ ਵਧਾ ਰਹੀ ਹੈ:

- ਪੂਰੀ ਤਰ੍ਹਾਂ ਇਲੈਕਟ੍ਰਿਕ-ਪਾਵਰ ਵਾਲਾ ਫਾਇਰ ਟਰੱਕ ਖਰੀਦਣ ਵਾਲੀ ਓਨਟੈਰੀਓ ਦੀ ਪਹਿਲੀ ਮਿਊਨਿਸਿਪਲਟੀ
- ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਫਲੀਟ ਵਿੱਚ ਅੱਠ ਇਲੈਕਟ੍ਰਿਕ ਬੱਸਾਂ ਸ਼ਾਮਲ ਕੀਤੀਆਂ ਗਈਆਂ

- ਬੈਟਸਮੈਨ ਪਾਰਕ (Batsman Park) ਵੁਡਲੋਟ ਨੂੰ ਬਹਾਲ ਕਰਨ ਲਈ, ਸੀ.ਐਨ. (CN) ਅਤੇ ਟ੍ਰੀ ਕੈਨੇਡਾ (Tree Canada) ਤੋਂ, 25,000 ਡਾਲਰ ਦੀ ਗ੍ਰਾਂਟ ਪ੍ਰਾਪਤ ਹੋਈ
- 8,000 ਰੁੱਖ ਲਗਾਉਣ ਵਾਸਤੇ ਕੈਨੇਡਾ ਸਰਕਾਰ ਤੋਂ 1.2 ਮਿਲੀਅਨ ਡਾਲਰ ਸੁਰੱਖਿਅਤ ਕੀਤੇ

**ਬ੍ਰੈਂਪਟਨ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ (Brampton is a Healthy and Safe City)**

ਸਿਟੀ, ਕਮਿਉਨਿਟੀ ਸੁਰੱਖਿਆ, ਮਾਨਸਿਕ ਸਿਹਤ ਸਹਾਇਤਾ ਵਿੱਚ ਸੁਧਾਰ, ਅਤੇ ਸਰਗਰਮ ਅਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨ ਤੇ ਕੇਂਦ੍ਰਿਤ ਹੈ:

- ਜੇਸ ਕੇਅਰ ਫਾਉਂਡੇਸ਼ਨ (Jays Care Foundation) ਅਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ (Peel District School Board) ਦੇ ਨਾਲ ਭਾਈਵਾਲੀ ਵਿੱਚ, ਸਿਟੀ ਨੇ ਜੁਡਿਥ ਨਇਮਨ ਫੀਲਡ ਆਫ ਡ੍ਰੀਮਸ (Judith Nyman Field of Dreams) ਪਹੁੰਚਯੋਗ ਬੇਸਬਾਲ ਡਾਇਮੰਡ ਪੂਰਾ ਕੀਤਾ
- ਸਾਰੇ ਉਪਭੋਗਤਾਵਾਂ ਲਈ ਸੜਕਾਂ ਨੂੰ ਵੱਧ ਸੁਰੱਖਿਅਤ ਬਣਾਉਣ ਵਿੱਚ ਮਦਦ ਲਈ, 50 ਆਟੋਮੇਟਿਡ ਸਪੀਡ ਐਨਫੋਰਸਮੈਂਟ (Automated Speed Enforcement) ਕੈਮਰੇ ਇੰਸਟਾਲ ਕੀਤੇ (ਓਨਟੈਰੀਓ ਵਿੱਚ ਸਭ ਤੋਂ ਵੱਡਾ ਏ.ਐਸ.ਈ. (ASE) ਪ੍ਰੋਗਰਾਮ)
- ਰੋਡਵੇਜ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਸਿਟੀ ਵਿੱਚ, 180 ਕਮਿਉਨਿਟੀ ਸੇਫਟੀ ਜ਼ੋਨਸ (Community Safety Zones) ਨਿਯਤ ਕੀਤੇ
- ਬ੍ਰੈਂਪਟਨ ਐਨੀਮਲ ਸਰਵਿਸ (Brampton Animal Services), 103 ਜਾਨਵਰਾਂ ਨੂੰ ਦੁਬਾਰਾ ਘਰ ਦੇ ਕੇ, Home To Home™ ਇੰਟਰਐਕਟਿਵ ਪਾਲਤੂ ਜਾਨਵਰ ਰੀ-ਹੋਮਿੰਗ ਸੇਵਾ ਪੇਸ਼ ਕਰਨ ਵਾਲੀ ਕੈਨੇਡਾ ਦੀ ਪਹਿਲੀ ਸੇਵਾ ਬਣ ਗਈ

**ਬ੍ਰੈਂਪਟਨ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ (Brampton is a Well-Run City)**

ਬ੍ਰੈਂਪਟਨ ਆਪਣੇ ਰੋਜ਼ਾਨਾ ਸੰਚਾਲਨਾਂ ਵਿੱਚ ਸੁਧਾਰ ਕਰ ਰਿਹਾ ਹੈ:

- ਮਜ਼ਬੂਤ ਅਰਥਚਾਰਾ ਅਤੇ ਵਿੱਤੀ ਪ੍ਰਬੰਧਨ ਪੱਧਤੀਆਂ ਦਰਸਾਉਂਦੇ ਹੋਏ, ਲਗਾਤਾਰ 6ਵੇਂ ਸਾਲ ਲਈ, ਐਸ. ਐਂਡ ਪੀ. ਟ੍ਰਿਪਲ A ਕ੍ਰੈਡਿਟ ਰੇਟਿੰਗ (S&P Triple A Credit Rating) ਕਾਇਮ ਰੱਖੀ
- ਬੈਸਟ ਕਮਿਉਨਿਟੀਜ ਇਨ ਕੈਨੇਡਾ 2021 (Best Communities in Canada 2021) ਲਈ ਮੈਕਲੀਨਜ (Maclean's) ਸੂਚੀ ਤੇ #13 ਦੀ ਰੈਂਕਿੰਗ
- ਫੋਰਬਸ (Forbes) ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ 2021 (Canada's Best Employers 2021) ਵਿੱਚੋਂ ਇੱਕ ਦੀ ਰੈਂਕਿੰਗ
- 10,463 ਰਿਹਾਇਸ਼ੀ ਪਰਮਿਟ ਅਤੇ 1,145 ਇੰਡਸਟ੍ਰੀਅਲ, ਕਮਰਸ਼ਿਅਲ ਅਤੇ ਇੰਸਟੀਟਿਊਸ਼ਨ ਪਰਮਿਟ ਜਾਰੀ ਕੀਤੇ, ਜੋ ਕੁੱਲ 1.726 ਬਿਲੀਅਨ ਡਾਲਰ ਦੀ ਕੰਸਟ੍ਰਕਸ਼ਨ ਵੈਲਯੂ ਹੈ
- ਰਾਖਵੀਂ ਪੂੰਜੀ ਵਿੱਚ 117 ਮਿਲੀਅਨ ਡਾਲਰ ਦਾ ਰਿਕਾਰਡ ਯੋਗਦਾਨ ਕਾਇਮ ਰੱਖਦੇ ਹੋਏ, ਲਗਾਤਾਰ ਚੌਥੇ ਸਾਲ ਟੈਕਸ ਨਹੀਂ ਵਧਾਇਆ ਗਿਆ ਅਤੇ ਨਵੇਂ ਪੀਲ ਮੈਮੋਰੀਅਲ ਹਸਪਤਾਲ (Peel Memorial Hospital) ਵਾਸਤੇ, 62.5 ਮਿਲੀਅਨ ਡਾਲਰ ਦੀ ਫੰਡਿੰਗ ਨਿਯਤ ਕਰਕੇ, ਹੈਲਥਕੇਅਰ ਵਿਸਤਾਰ ਦੇ ਪ੍ਰਤੀ ਸਿਟੀ ਦੀ ਵਚਨਬੱਧਤਾ ਦਰਸਾਈ ਹੈ

2021 ਦੀਆਂ ਝਲਕੀਆਂ ਅਤੇ ਉਪਲਬਧੀਆਂ ਬਾਰੇ ਹੋਰ ਜਾਣਕਾਰੀ ਲਈ, www.brampton.ca/tocp ਤੇ ਜਾਓ।

**ਹਵਾਲੇ**

"ਸਾਡੇ ਨਿਯੰਤਰਣ ਤੋਂ ਪਰੇ ਦੀਆਂ ਚੁਣੌਤੀਆਂ ਦੇ ਬਾਵਜੂਦ, ਸਿਟੀ ਨੇ 2021 ਵਿੱਚ ਸਾਡੀ ਮੁੱਖ ਤਰਜੀਹਾਂ ਤੇ ਖਾਸ ਤਰੱਕੀ ਕਰਨਾ ਜਾਰੀ ਰੱਖਿਆ ਹੈ। ਪੂਰੀ ਤਰ੍ਹਾਂ ਇਲੈਕਟ੍ਰਿਕ ਫਾਇਰ ਟਰੱਕ ਖਰੀਦ ਕੇ, ਵਾਤਾਵਰਣ ਸਬੰਧੀ ਸਥਿਰਤਾ ਵਿੱਚ ਲਗਾਤਾਰ ਲੀਡਰ ਵਜੋਂ ਖੁਦ ਨੂੰ ਸਥਾਪਤ ਕਰਨ ਤੋਂ ਲੈ ਕੇ, ਸਾਡੇ ਡਾਉਨਟਾਉਨ

ਵਿੱਚ 16.6 ਮਿਲੀਅਨ ਡਾਲਰ ਸਟ੍ਰੀਟਸਕੇਪਿੰਗ ਨਿਵੇਸ਼ ਨੂੰ ਪ੍ਰਵਾਨਗੀ ਦੇਣ, ਰਾਖਵੀਆਂ ਪੂੰਜੀ ਵਿੱਚ ਰਿਕਾਰਡ ਯੋਗਦਾਨ ਕਾਇਮ ਰੱਖਦੇ ਹੋਏ, ਲਗਾਤਾਰ ਚੌਥੇ ਸਾਲ ਟੈਕਸ ਨਾ ਵਧਾਉਂਦੇ ਹੋਏ ਅਤੇ ਹੈਲਥਕੇਅਰ ਵਿਸਤਾਰ ਦੇ ਪ੍ਰਤੀ ਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਅਸੀਂ ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਲਈ ਨਤੀਜੇ ਪ੍ਰਾਪਤ ਕਰਨਾ ਜਾਰੀ ਰੱਖਿਆ ਹੈ। ਅਸੀਂ 2022 ਵਿੱਚ ਇਸ ਕੰਮ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"2021 ਵਿੱਚ, ਅਸੀਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਮ੍ਹਣਾ ਕੀਤਾ ਕਿਉਂਕਿ ਅਸੀਂ ਲਗਾਤਾਰ ਕੋਵਿਡ-19 ਮਹਾਂਮਾਰੀ ਦੇ ਅਸਰਾਂ ਤੋਂ ਬਾਹਰ ਨਿੱਕਲ ਰਹੇ ਹਾਂ, ਪਰੰਤੂ ਸਾਡੇ ਸਟਾਫ ਨੇ, ਸਾਡੇ ਨਿਵਾਸੀਆਂ, ਕਾਰੋਬਾਰੀਆਂ ਅਤੇ ਕਮਿਉਨਿਟੀ ਗਰੁੱਪਾਂ ਦੀ ਸਹਾਇਤਾ ਲਈ, ਜਲਦੀ ਨਾਲ ਸਥਿਤੀ ਨੂੰ ਅਨੁਕੂਲ ਬਣਾਇਆ। ਇਸ ਟਰਮ ਆਫ ਕਾਉਂਸਿਲ ਦੀਆਂ ਪ੍ਰਾਇਰਟੀਜ ਨੂੰ ਅੱਗੇ ਵਧਾਉਣ ਦੇ ਤੇਜ਼ ਫੋਕਸ ਦੇ ਨਾਲ, ਅਸੀਂ ਮੁੱਖ ਪਹਿਲਕਦਮੀਆਂ ਪ੍ਰਦਾਨ ਕਰਨਾ ਅਤੇ ਸਾਡੇ ਸ਼ਹਿਰ ਨੂੰ ਅੱਗੇ ਵਧਾਉਣਾ ਜਾਰੀ ਰੱਖਿਆ ਹੈ। ਮੈਨੂੰ, ਉਹ ਸਾਰੀਆਂ ਕੁਸ਼ਲ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਦੇ ਹੋਏ, ਜੋ ਸਾਡੇ ਨਿਵਾਸੀਆਂ ਲਈ ਸਭ ਤੋਂ ਵੱਧ ਮਾਇਨੇ ਰੱਖਦੀਆਂ ਹਨ, 2021 ਵਿੱਚ ਸਾਡੀ ਟੀਮ ਵੱਲੋਂ ਕੀਤੀ ਤਰੱਕੀ ਤੇ ਮਾਣ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca